Office of the
Deputy Inspector General of Police,
Patiala Range, Patiala.

ਦਫਤਰ,
ਡਿਪਟੀ ਇੰਸਪੈਕਟਰ ਜਨਰਲ ਪੁਲਿਸ,
ਪਟਿਆਲਾ ਰੇਂਜ, ਪਟਿਆਲਾ।

ਏ-2 ਸ਼ਾਖਾ

## ਹੁਕਮ

ਪੰਜਾਬ ਸਰਕਾਰ, ਗ੍ਰਹਿ ਮਾਮਲੇ ਅਤੇ ਨਿਆਂ ਵਿਭਾਗ (ਗ੍ਰਹਿ-3 ਸ਼ਾਖਾ) ਦੇ ਹੁਕਮ ਨੰਬਰ 6/68/2017-5ਗ3/6ਗ3 (ਐਮ.ਐਸ.)/3530 ਮਿਤੀ 07.07.2018 ਜਾਰੀ ਪਾਲਿਸੀ ਦੀ ਪਾਲਣਾ ਵਿੱਚ ਡਾਇਰੈਕਟਰ ਜਨਰਲ ਪੁਲਿਸ, ਪੰਜਾਬ, ਚੰਡੀਗੜ੍ਹ ਦੇ ਦਫਤਰ ਦੇ ਪੱਤਰ ਨੰਬਰ 7843-7943/ਈ-1(5) ਮਿਤੀ 10.07.2018 ਰਾਹੀਂ ਹਦਾਇਤਾਂ ਦੇ ਸਨਮੁੱਖ ਸੀਨੀਅਰ ਕਪਤਾਨ ਪੁਲਿਸ, ਪਟਿਆਲਾ, ਸੰਗਰੂਰ, ਮਾਲੇਰਕੋਟਲਾ ਅਤੇ ਬਰਨਾਲਾ ਪਾਸੋਂ ਪ੍ਰਾਪਤ ਸੂਚਨਾਂ ਦੇ ਆਧਾਰ ਤੇ ਹੇਠ ਲਿਖੇ ਕਰਮਚਾਰੀ, ਜਿਨ੍ਹਾਂ ਨੇ ਮਿਤੀ 01.01.2025 ਨੂੰ 16 ਸਾਲ ਦੀ ਸਰਵਿਸ ਪੂਰੀ ਕਰ ਲਈ ਹੈ, ਨੂੰ ਹੌਲਦਾਰ (ਲੋਕਲ ਰੈਂਕ) ਪ੍ਰਦਾਨ ਕੀਤਾ ਜਾਂਦਾ ਹੈ:-

| ਲੜੀ ਨੰਬਰ | ਰੈਂਕ, ਨਾਮ ਅਤੇ ਨੰਬਰ |
|---|---|
| **ਜ਼ਿਲ੍ਹਾ ਪਟਿਆਲਾ** | |
| 1) | ਮ/ਸੀ.ਸਿ: ਅਮ੍ਰਿਤਪਾਲ ਕੌਰ ਨੰ: 1080/ਪਟਿ: |
| 2) | ਮ/ਸੀ.ਸਿ: ਵੰਧਨਾਂ ਨੰ: 2267/ਪਟਿ: |
| **ਜਿਲ੍ਹਾ ਸੰਗਰੂਰ** | |
| 1) | ਲੇਡੀ ਸੀ/ਸਿਪਾਹੀ ਵੀਰਪਾਲ ਕੌਰ ਨੰਬਰ 1796/ਸੰਗਰੂਰ |

ਇਹ ਲੋਕਲ ਰੈਂਕ ਹੇਠ ਲਿਖੀਆਂ ਸ਼ਰਤਾਂ ਦੇ ਆਧਾਰ ਤੇ ਪ੍ਰਦਾਨ ਕੀਤਾ ਜਾਂਦਾ ਹੈ:-

1. ਲੋਕਲ ਰੈਂਕ ਦੇ ਪੁਲਿਸ ਕਰਮਚਾਰੀਆਂ ਨੂੰ ਉੱਚ ਪੱਧਰ ਦੀਆਂ ਸ਼ਕਤੀਆਂ ਅਤੇ ਕਾਰਜਕਾਰੀ ਜਿੰਮੇਵਾਰੀਆਂ ਨਹੀ ਦਿੱਤੀਆਂ ਜਾਣਗੀਆਂ। ਇਸ ਲਈ ਇਨ੍ਹਾਂ ਨੂੰ ਮੌਜੂਦਾ ਡਿਊਟੀ ਚਾਰਜ (ਸੀ.ਡੀ.ਸੀ.) ਜਾਂ ਉੱਚ ਪੱਧਰ ਦਾ ਚਾਰਜ ਕਿਸੇ ਵੀ ਤਰ੍ਹਾਂ ਨਹੀ ਮੰਨਿਆ ਜਾਵੇਗਾ ਅਤੇ ਇਹ ਪਾਲਿਸੀ ਸੀ.ਡੀ.ਸੀ. ਦੇ ਕੇਸਾਂ ਵਿੱਚ ਲਾਗੂ ਉੱਚ ਜਿੰਮੇਵਾਰੀਆਂ ਲਈ ਉੱਚ ਤਨਖਾਹ ਦੇਣ ਸਬੰਧੀ ਸੁਪਰੀਮ ਕੋਰਟ ਦੇ ਫੈਸਲੇ ਨਾਲ ਪ੍ਰਭਾਵਿਤ ਨਹੀਂ ਹੋਵੇਗੀ।

2. ਸਿਪਾਹੀ ਜਿਸਨੂੰ ਸੀਨੀਅਰ ਸਿਪਾਹੀ/ਮੁੱਖ ਸਿਪਾਹੀ (ਲੋਕਲ ਰੈਂਕ) ਵਿੱਚ ਪਦਨਾਮ ਕੀਤਾ ਹੈ ਉਹ ਆਪਣੀ ਵਾਰੀ/ਸੀਨੀਆਰਤਾ ਅਨੁਸਾਰ ਮੁੱਖ ਸਿਪਾਹੀ ਤਰੱਕੀਯਾਬ ਹੋਵੇਗਾ। ਰੈਗੂਲਰ ਤਰੱਕੀ ਉਸ ਦੀ ਸੀਨੀਆਰਤਾ ਸੂਚੀ ਅਤੇ ਰਿਕਾਰਡ ਅਨੁਸਾਰ ਹੀ ਸਮਰੱਥ ਅਥਾਰਿਟੀ ਕਰੇਗੀ।

3. ਸੀਨੀਅਰ ਸਿਪਾਹੀ/ਹੌਲਦਾਰ (ਲੋਕਲ ਰੈਂਕ) ਤੇ ਪਦਨਾਮ ਕੀਤੇ ਗਏ ਕਰਮਚਾਰੀ ਦਾ ਇਹ ਰੈਂਕ ਉਸਦਾ ਨਿੱਜੀ ਰੈਂਕ ਹੋਵੇਗਾ ਅਤੇ ਜਦੋਂ ਤੱਕ ਉਹ ਰੈਗੂਲਰ ਮੁੱਖ ਸਿਪਾਹੀ ਤਰੱਕੀਯਾਬ ਨਹੀਂ ਕੀਤਾ ਜਾਂਦਾ, ਉਸ ਦਾ ਲੀਅਨ ਸਿਪਾਹੀ ਰੈਂਕ ਵਿੱਚ ਹੀ ਰਹੇਗਾ।

4. ਇਸ ਅਹੁੱਦੇ ਤੇ ਪਦਨਾਮ ਕੀਤਾ ਗਿਆ ਕਰਮਚਾਰੀ ਸੀਨੀਅਰ ਸਿਪਾਹੀ/ਮੁੱਖ ਸਿਪਾਹੀ ਦੀ ਵਰਦੀ ਸਮੇਤ ਬੈਜ ਅਤੇ 03 ਸਟਰੀਪਸ (ਫੀਤੀ) ਲਾਵੇਗਾ।

5. ਸੀਨੀਅਰ ਸਿਪਾਹੀ/ਹੌਲਦਾਰ (ਲੋਕਲ ਰੈਂਕ) ਤੇ ਪਦਨਾਮ ਹੋਣ ਉਪਰੰਤ ਉਹ ਉਚ ਤਨਖਾਹ ਅਤੇ ਭੱਤੇ ਲੈਣ ਦਾ ਕਿਸੇ ਵੀ ਤਰ੍ਹਾ ਹਕਦਾਰ ਨਹੀਂ ਹੋਵੇਗਾ।

6. ਸੀਨੀਅਰ ਸਿਪਾਹੀ/ਹੌਲਦਾਰ (ਲੋਕਲ ਰੈਂਕ) ਤੇ ਪਦਨਾਮ ਹੋਣ ਉਪਰੰਤ ਉਸ ਦੀ ਸਿਪਾਹੀ ਰੈਂਕ ਦੇ ਕੇਡਰ ਵਿੱਚ ਉਸ ਦੀ ਸੀਨੀਆਰਤਾ ਵਿੱਚ ਕੋਈ ਤਬਦੀਲੀ ਨਹੀਂ ਹੋਵੇਗੀ।

7. **ਸੀਨੀਅਰ ਸਿਪਾਹੀ/ਹੌਲਦਾਰ (ਲੋਕਲ ਰੈਂਕ) ਪਦਨਾਮ ਕੀਤੇ ਗਏ ਕਰਮਚਾਰੀਆਂ ਵਿਰੁੱਧ ਹੋਰ ਕੋਈ ਵਿਭਾਗੀ ਪੜਤਾਲ ਜਾਂ ਕ੍ਰਿਮੀਨਲ ਕੇਸ ਆਦਿ ਲੰਬਿਤ ਨਾ ਹੋਵੇ ਅਤੇ ਇਹ ਕਰਮਚਾਰੀ ਮੁਅੱਤਲਸ਼ੁਦਾ ਨਾ ਹੋਣ।**

ਹੇਠ ਲਿਖੇ ਪੁਲਿਸ ਕ੍ਰਮਚਾਰੀਆਂ ਨੂੰ ਵਿਭਾਗੀ ਤਰੱਕੀ ਕਮੇਟੀ ਵੱਲੋਂ ਉਹਨਾਂ ਦਾ ਸਰਵਿਸ ਰਿਕਾਰਡ ਮਾੜਾ ਹੋਣ ਕਾਰਨ/ਵਿਭਾਗੀ ਪੜਤਾਲ/ਕੋਰਟ ਕੇਸ ਲੰਬਿਤ ਹੋਣ ਕਾਰਨ ਹੌਲਦਾਰ (ਲੋਕਲ ਰੈਂਕ) ਪ੍ਰਦਾਨ ਕਰਨ ਸਬੰਧੀ ਸਿਫਾਰਸ਼ ਨਹੀਂ ਕੀਤੀ ਗਈ ਹੈ:-

| ਲੜੀ ਨੰਬਰ | ਰੈਂਕ, ਨਾਮ ਅਤੇ ਨੰਬਰ |
|---|---|
| **ਜਿਲ੍ਹਾ ਪਟਿਆਲਾ** | |
| 1) | ਸਿ: ਇੰਦਰਜੀਤ ਸਿੰਘ ਨੰ: 742/ਪਟਿ: |
| 2) | ਸੀ: ਸਿ: ਮਾਨ ਸਿੰਘ ਨੰ: 2205/ਪਟਿ: |

www.royalpatiala.in

| | |
|---|---|
| 3) | ਸੀ:ਸਿ: ਕੋਹਲਾ ਸਿੰਘ ਨੰ: 310/ਪਟਿ: |
| 4) | ਸਿ: ਕਾਲਾ ਸਿੰਘ ਨੰ: 917/ਪਟਿ: |
| 5) | ਸਿ: ਮਨਜੀਤ ਸਿੰਘ ਨੰ: 2649/ਪਟਿ: |
| 6) | ਸੀ:ਸਿ: ਲਖਵਿੰਦਰ ਸਿੰਘ ਨੰ: 2907/ਪਟਿ: |
| 7) | ਸਿ: ਗੁਰਿੰਦਰਪਾਲ ਸਿੰਘ ਨੰ: 3202/ਪਟਿ: |
| 8) | ਸਿ ਸੁਖਵਿੰਦਰ ਸਿੰਘ ਨੰ: 2349/ਪਟਿ: |
| 9) | ਸੀ.ਸਿ: ਸੁਖਵਿੰਦਰ ਸਿੰਘ ਨੰ: 314/ਪਟਿ: |
| 10) | ਸੀ:ਸਿ: ਕਰਮ ਸਿੰਘ ਨੰ: 2914/ਪਟਿ: |
| 11) | ਸੀ.ਸਿਪਾਹੀ ਮਨਜੀਤ ਸਿੰਘ ਨੰ: 2862/ਪਟਿ: |
| 12) | ਸੀ: ਸਿ: ਗੁਰਮੇਲ ਸਿੰਘ ਨੰ: 3184/ਪਟਿ: |
| 13) | ਸੀ.ਸਿ: ਭੋਲਾ ਸਿੰਘ ਨੰ: 852/ਪਟਿ: |
| 14) | ਮ/ਸਿ: ਪੁਨੀਤ ਨੰ: 2200/ਪਟਿ: |
| **ਜਿਲ੍ਹਾ ਸੰਗਰੂਰ** | |
| 1) | ਸੀ-1 ਰਾਜਿੰਦਰ ਸਿੰਘ, 1844/ਸੰਗਰੂਰ |
| 2) | ਸੀ/ਸਿਪਾਹੀ ਕਰਨੈਲ ਸਿੰਘ, 604/ਸੰਗਰੂਰ |
| **ਜਿਲ੍ਹਾ ਬਰਨਾਲਾ** | |
| 1) | ਸਿਪਾਹੀ ਜਤਿੰਦਰ ਕੁਮਾਰ 262/ਬਰਨਾਲਾ |
| **ਜਿਲ੍ਹਾ ਮਾਲੇਰਕੋਟਲਾ** | |
| 1) | ਸਿਪਾਹੀ/ਸੀ-2 ਰਾਕੇਸ਼ ਕੁਮਾਰ ਨੰਬਰ 675/ਸੰਗਰੂਰ (271/ਮਾਲੇਰਕੋਟਲਾ) |

www.royalpatiala.in

ਡਿਪਟੀ ਇੰਸਪੈਕਟਰ ਜਨਰਲ ਪੁਲਿਸ,
ਪਟਿਆਲਾ ਰੇਂਜ, ਪਟਿਆਲਾ।

ਨੰਬਰ 3950-55 /ਏ-2 ਮਿਤੀ ਪਟਿਆਲਾ:- 02/02/25

ਉਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ ਜੀ:-

1. ਮਾਨਯੋਗ ਡਾਇਰੈਕਟਰ ਜਨਰਲ ਪੁਲਿਸ, ਪੰਜਾਬ, ਚੰਡੀਗੜ੍ਹ।
2. ਸੀਨੀਅਰ ਕਪਤਾਨ ਪੁਲਿਸ, ਪਟਿਆਲਾ।
3. ਸੀਨੀਅਰ ਕਪਤਾਨ ਪੁਲਿਸ, ਸੰਗਰੂਰ।
4. ਸੀਨੀਅਰ ਕਪਤਾਨ ਪੁਲਿਸ, ਬਰਨਾਲਾ।
5. ਸੀਨੀਅਰ ਕਪਤਾਨ ਪੁਲਿਸ, ਮਾਲੇਰਕੋਟਲਾ।
6. ਏ-2, ਰੇਂਜ ਦਫਤਰ, ਪਟਿਆਲਾ।

ਡਿਪਟੀ ਇੰਸਪੈਕਟਰ ਜਨਰਲ ਪੁਲਿਸ,
ਪਟਿਆਲਾ ਰੇਂਜ, ਪਟਿਆਲਾ। ਚੌਹਾਨ